# Three days Training Programme by FUEL

Under the leadership of Shiromani Gurudwara Parbandhak Committee, Sri Amritsar Sahib, Training and Placement Cell of Sri Guru Teg Bahadur Khalsa College, Sri Anandpur Sahib, Organized a Three Day Training Programme on "Skill Development" in collaboration with Friends Union for Energising Lives (FUEL), Pune from 31st Aug. to 2nd Sept. 2023. Seasonal trainers from FUEL Ms. Shweta Gawade and Ms. Namrata Sri Tiwari from Pune provided training on various modules of Competitive Exams. More than 250 students across the different streams participated in the training programme. The trainers provided short-cut techniques to solve problems in question papers. They focussed on Aptitude and Analytical Ability Tests. They also provided training on quantitative aptitude, soft skill, personality development, communication skill, resume-building, personal interview and group discussion. On the last day of the training programme a short "Valedictory Function" was organised in which various students expressed their views regarding the training programme. They suggested that more such training programmes should be organised in the future because these are very useful in grooming them for competitive exams. The trainers were honoured after a formal vote of thanks.







**ਖ਼ਾਲਸਾ ਕਾਲਜ ਵਿਖੇ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਪੇਸ਼ੇਵਰ ਤੌਰ ਤੇ ਉੱਤਮ ਬਣਾਉਣ ਲਈ ਦਿੱਤੀ ਗਈ ਟਰੇਨਿੰਗ**

ਰੋਜ਼ਾਨਾ ਸੁਪਰੀਮ ਟਾਈਮਜ਼

**ਅਕਾਦਮਿਕ ਸਿੱਖਿਆ ਦੇ ਨਾਲ - ਨਾਲ ਕਿੱਤਾਮੁਖੀ ਸਿੱਖਿਆ ਵੀ ਜ਼ਰੂਰੀ: ਪ੍ਰਿ.ਡਾ. ਜਸਵੀਰ ਸਿੰਘ**

ਸ੍ਰੀ ਅਨੰਦਪੁਰ ਸਾਹਿਬ, 2 ਸਤੰਬਰ (ਦਵਿੰਦਰਪਾਲ ਸਿੰਘ): ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ ਤਹਿਤ 31ਅਗਸਤ ਤੋਂ 2 ਸਤੰਬਰ,2023 ਤੱਕ ਤਿੰਨ ਰੋਜ਼ਾ ਰੁਜ਼ਗਾਰ ਮੁਖੀ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਟਰੇਨਿੰਗ ਦਿੱਤੀ ਗਈ।ਇਸ ਟਰੇਨਿੰਗ ਵਿੱਚ ਕਾਮਰਸ, ਸਾਇੰਸ, ਕੰਪਿਊਟਰ, ਆਰਟਸ ਅਤੇ ਐਗਰੀਕਲਚਰ ਸਟਰੀਮ ਨਾਲ ਸੰਬੰਧਿਤ ਲਗਭਗ 250 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਕਿਹਾ ਕਿ ਇਹੋ-ਜਿਹੇ ਪ੍ਰੋਗਰਾਮ ਵਿਦਿਆਰਥੀਆਂ ਦਾ ਕੇਵਲ ਬੌਧਿਕ ਵਿਕਾਸ ਹੀ ਨਹੀਂ ਕਰਦੇ ਸਗੋਂ ਵਿਦਿਆਰਥੀਆਂ ਅੰਦਰ ਆਤਮ ਵਿਸ਼ਵਾਸ ਪੈਦਾ ਕਰਕੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਬਹੁਪੱਖੀ ਵਿਕਾਸ ਕਰਨ ਵਿੱਚ ਸਹਾਇਕ ਸਿੱਧ ਹੁੰਦੇ ਹਨ ਕਿਉਂਕਿ ਅੱਜ ਦੇ ਸਮੇਂ ਅਕਾਦਮਿਕ ਸਿੱਖਿਆ ਦੇ ਨਾਲ -ਨਾਲ ਵਿਦਿਆਰਥੀਆਂ ਲਈ ਕਿੱਤਾਮੁਖੀ ਸਿੱਖਿਆ ਵੀ ਜ਼ਰੂਰੀ ਬਣ ਗਈ ਹੈ।ਉਨ੍ਹਾਂ ਇਸ ਪ੍ਰੋਗਰਾਮ ਵਿੱਚ ਸਹਿਯੋਗ ਦੇਣ ਲਈ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਧੰਨਵਾਦ ਕੀਤਾ। ਟਰੇਨਿੰਗ ਅਤੇ ਪਲੇਸਮੈਂਟ ਸੈੱਲ ਦੇ ਕੋਆਰਡੀਨੇਟਰ ਡਾ.ਮਨਜੀਤ ਸਿੰਘ ਨੇ ਦੱਸਿਆ ਕਿ ਇਹ ਟਰੇਨਿੰਗ ਫਿਊਲ (ਫਰੈਂਡਸ ਯੂਨੀਅਨ ਫਾਰ ਇਨਰਜਾਇਜ਼ਿੰਗ ਲਾਈਵਸ) ਪੂਨੇ ਦੁਆਰਾ ਮੁਫ਼ਤ ਮੁਹੱਈਆ ਕਰਵਾਈ ਗਈ ।ਇਹ ਸੰਸਥਾ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਨਿਰੰਤਰ ਯਤਨਸ਼ੀਲ ਹੈ। ਇਨ੍ਹਾਂ ਤਿੰਨ ਦਿਨਾਂ ਵਿੱਚ ਜਿੱਥੇ ਵਿਦਿਆਰਥੀਆਂ ਨੇ ਵੱਖ-ਵੱਖ ਖੇਤਰਾਂ ਸੰਬੰਧੀ ਵਡਮੁੱਲਾ ਗਿਆਨ ਪ੍ਰਾਪਤ ਕੀਤਾ ਹੈ,ਉੱਥੇ ਹੀ ਉਨ੍ਹਾਂ ਦੇ ਸਵੈ ਵਿਸ਼ਵਾਸ ਵਿੱਚ ਬਹੁਤ ਵਾਧਾ ਹੋਇਆ ਹੈ। ਇਸ ਟਰੇਨਿੰਗ ਵਿੱਚ ਪੂਨੇ ਤੋਂ ਮਿਸ ਸ਼ਵੇਤਾ ਗਵਾਡੇ ਅਤੇ ਬੰਗਲੌਰ ਤੋਂ ਮਿਸ ਨਮਰਤਾ ਸ੍ਰੀ ਤਿਵਾੜੀ ਨੇ ਮੁੱਖ ਬੁਲਾਰਿਆਂ ਵਜੋਂ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਪੇਸ਼ੇਵਰ ਤੌਰ ਤੇ ਉੱਤਮ ਹੋਣ ਸੰਬੰਧੀ ਹੁਨਰਾਂ, ਸਮੱਸਿਆਵਾਂ ਹੱਲ ਕਰਨ ਦੇ ਨੁਕਤਿਆਂ, ਮਾਨਸਿਕ ਯੋਗਤਾ, ਸੰਚਾਰ ਹੁਨਰ, ਰੈਜ਼ਿਊਮ ਬਿਲਡਿੰਗ, ਸਾਫ਼ਟ ਸਕਿੱਲ , ਬਾਡੀ ਲੈਂਗੂਏਜ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਸਰਬਪੱਖੀ ਵਿਕਾਸ ਸੰਬੰਧੀ ਸਿਖਲਾਈ ਦਿੱਤੀ।ਇਸ ਪ੍ਰੋਗਰਾਮ ਵਿੱਚ ਡਾ.ਮਨਦੀਪ ਕੌਰ, ਕਮਿਸਟਰੀ ਵਿਭਾਗ, ਪ੍ਰੋ. ਭਾਵਨਾ ਠਾਕੁਰ, ਡਾ. ਗੁਰਪ੍ਰੀਤ ਕੌਰ, ਪੰਜਾਬੀ ਵਿਭਾਗ, ਡਾ.ਪਰਮਪ੍ਰੀਤ ਸਿੰਘ ਅਤੇ ਪ੍ਰੋ.ਅਮਨਦੀਪ ਕੌਰ ਕੰਪਿਊਟਰ ਸਾਇੰਸ ਵਿਭਾਗ ਨੇ ਆਪਣੀ ਡਿਊਟੀ ਬਾਖ਼ੂਬੀ ਨਿਭਾਈ।

**(Top) Glimpse of the training sessions being conducted (bottom) a new paper cutting displaying the token of appraisal being presented to the trainers at the valedictory session.**